Vote ☒
Elections Calgary

# ਫਾਰਮ 24 – ਵਿਸ਼ੇਸ਼ ਬੈਲਟ ਵੋਟਿੰਗ ਨਿਰਦੇਸ਼

*ਲੋਕਲ ਅਥਾਰਟੀਜ਼ ਇਲੈਕਸ਼ਨ ਐਕਟ* (ਧਾਰਾਵਾਂ 77.1, 77.2)
(EC-LAEA-24)

ਜੇਕਰ ਤੁਸੀਂ ਕਿਸੇ ਅਡਵਾਂਸ ਵੋਟਿੰਗ ਸਟੇਸ਼ਨ 'ਤੇ ਜਾਂ ਚੋਣ ਵਾਲੇ ਦਿਨ ਵੋਟਿੰਗ ਸਟੇਸ਼ਨ 'ਤੇ ਵੋਟ ਪਾਉਣ ਦੇ ਯੋਗ ਨਹੀਂ ਹੋ ਤਾਂ ਤੁਸੀਂ ਇੱਕ ਵਿਸ਼ੇਸ਼ ਬੈਲਟ ਭਰਨ ਦੇ ਯੋਗ ਹੋ।

## ਵਿਸ਼ੇਸ਼ ਬੈਲਟ ਵੋਟਿੰਗ ਨਿਰਦੇਸ਼

1. ਆਪਣੀ ਪਸੰਦ ਦੇ ਉਮੀਦਵਾਰ ਦੇ ਨਾਮ ਦੇ ਸਾਹਮਣੇ ਸੱਜੇ ਪਾਸੇ ਦਿੱਤੀ ਗਈ ਜਗ੍ਹਾ ਵਿੱਚ ਬੈਲਟ(ਟਾਂ) 'ਤੇ **"X"** ਦਾ ਨਿਸ਼ਾਨ ਲਗਾਓ।

   ਬੈਲਟ ਉਨ੍ਹਾਂ ਉਮੀਦਵਾਰਾਂ ਦੀ ਅਧਿਕਤਮ ਗਿਣਤੀ ਨੂੰ ਦਰਸਾਉਂਦਾ ਹੈ ਜਿਨ੍ਹਾਂ ਨੂੰ ਵੋਟ ਦਿੱਤੀ ਜਾ ਸਕਦੀ ਹੈ। ਤੁਸੀਂ ਅਧਿਕਤਮ ਸੰਖਿਆ ਤੋਂ ਘੱਟ ਲਈ ਵੋਟ ਪਾ ਸਕਦੇ ਹੋ, ਪਰ ਵਧ ਲਈ ਨਹੀਂ।




2. ਬੈਲਟ(ਟਾਂ), ਨਿਸ਼ਾਨਬੱਧ ਕੀਤੇ ਗਏ ਹਨ ਜਾਂ ਨਹੀਂ, ਨੂੰ **ਬੈਲਟ ਵਾਲੇ ਲਿਫ਼ਾਫ਼ੇ** (ਲਿਫ਼ਾਫ਼ਾ A) ਵਿੱਚ ਰੱਖੋ, ਅਤੇ ਲਿਫ਼ਾਫ਼ੇ ਨੂੰ ਸੀਲ ਕਰ ਦਿਓ।
3. **ਬੈਲਟ ਵਾਲੇ ਲਿਫ਼ਾਫ਼ੇ** (ਲਿਫ਼ਾਫ਼ਾ A) ਨੂੰ **ਸਰਟੀਫਿਕੇਟ ਲਿਫ਼ਾਫ਼ੇ** (ਲਿਫ਼ਾਫ਼ਾ B) ਵਿੱਚ ਰੱਖੋ।
4. **ਸਰਟੀਫਿਕੇਟ ਲਿਫ਼ਾਫ਼ੇ** (ਲਿਫ਼ਾਫ਼ਾ B) 'ਤੇ ਸਰਟੀਫਿਕੇਟ ਦੇ ਭਾਗ 1 ਨੂੰ ਪੂਰਾ ਕਰੋ ਅਤੇ, ਇੱਕ ਗਵਾਹ ਦੀ ਮੌਜੂਦਗੀ ਵਿੱਚ, ਉਸ 'ਤੇ ਦਸਤਖਤ ਕਰੋ। ਗਵਾਹ ਵੋਟ ਪਾਉਣ ਦੇ ਯੋਗ ਹੋਣਾ ਚਾਹੀਦਾ ਹੈ।
5. ਗਵਾਹ ਤੋਂ **ਸਰਟੀਫਿਕੇਟ ਲਿਫ਼ਾਫ਼ੇ** (ਲਿਫ਼ਾਫ਼ਾ B) 'ਤੇ ਸਰਟੀਫਿਕੇਟ ਦੇ ਭਾਗ 1 ਦੇ ਦਸਤਖਤ ਦੇ ਤਸਦੀਕ ਵਾਲੇ ਹਿੱਸੇ ਨੂੰ ਪੂਰਾ ਕਰਵਾਓ।
6. **ਸਰਟੀਫਿਕੇਟ ਲਿਫ਼ਾਫ਼ੇ** (ਲਿਫ਼ਾਫ਼ਾ B) ਨੂੰ ਸੀਲ ਕਰੋ।
7. ਆਪਣੀ ਪਛਾਣ ਦੀ ਇੱਕ ਫ਼ੋਟੋਕਾਪੀ **ਬਾਹਰੀ ਲਿਫ਼ਾਫ਼ੇ** (ਲਿਫ਼ਾਫ਼ਾ C) ਵਿੱਚ ਰੱਖੋ। ਤੁਹਾਡੀ ਪਛਾਣ ਲੋਕਲ *ਅਥਾਰਟੀਜ਼ ਇਲੈਕਸ਼ਨ ਐਕਟ* ਦੀ ਧਾਰਾ 53 ਦੁਆਰਾ ਲੋੜੀਂਦੇ ਪਛਾਣ ਦੇ ਇੱਕ ਜਾਂ ਉਸ ਤੋਂ ਵੱਧ ਸਵੀਕਾਰਯੋਗ ਰੂਪਾਂ ਵਿੱਚੋਂ ਹੋਣੀ ਚਾਹੀਦੀ ਹੈ।
8. **ਸਰਟੀਫਿਕੇਟ ਲਿਫ਼ਾਫ਼ੇ** (ਲਿਫ਼ਾਫ਼ਾ B) ਨੂੰ **ਬਾਹਰੀ ਲਿਫ਼ਾਫ਼ੇ** (ਲਿਫ਼ਾਫ਼ਾ C) ਵਿੱਚ ਰੱਖੋ, ਅਤੇ ਲਿਫ਼ਾਫ਼ੇ ਨੂੰ ਸੀਲ ਕਰ ਦਿਓ।
9. ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਇਹ **ਬਾਹਰੀ ਲਿਫ਼ਾਫ਼ਾ** (ਲਿਫ਼ਾਫ਼ਾ C), ਸਾਰੀਆਂ ਨਿਰਧਾਰਤ ਸਮੱਗਰੀਆਂ ਨਾਲ ਪੂਰਾ, **ਸੋਮਵਾਰ, 20 ਅਕਤੂਬਰ, 2025 ਨੂੰ 12:00 ਵਜੇ (ਦੁਪਹਿਰ) ਤੋਂ ਪਹਿਲਾਂ ਰਿਟਰਨਿੰਗ ਅਫਸਰ ਦੇ ਦਫ਼ਤਰ ਪਹੁੰਚ ਜਾਵੇ।**
10. ਵੋਟਰ ਤੋਂ ਇਲਾਵਾ ਕੋਈ ਵੀ ਹੋਰ ਵਿਅਕਤੀ ਵੋਟਰ ਦੇ ਪੂਰੇ ਕੀਤੇ ਹੋਏ ਵਿਸ਼ੇਸ਼ ਬੈਲਟ ਪੈਕੇਜ ਨੂੰ ਨਹੀਂ ਭੇਜ ਸਕਦਾ।
11. ਇਹਨਾਂ ਵਿੱਚੋਂ ਕਿਸੇ ਵੀ ਕਦਮ ਨੂੰ ਪੂਰਾ ਕਰਨ ਵਿੱਚ ਅਸਫਲਤਾ ਤੁਹਾਡੇ ਬੈਲਟ ਨੂੰ ਅਯੋਗ ਕਰ ਸਕਦੀ ਹੈ।

## ਆਪਣਾ ਪੈਕੇਜ ਸਬਮਿਟ ਕਰੋ

**ਬਾਹਰੀ ਲਿਫ਼ਾਫ਼ੇ** (ਲਿਫ਼ਾਫ਼ਾ C) ਅਤੇ ਸਮੱਗਰੀ ਦਾ **ਸੋਮਵਾਰ, 20 ਅਕਤੂਬਰ, 2025 ਨੂੰ ਦੁਪਹਿਰ (12 ਵਜੇ)** ਜਾਂ ਇਸ ਤੋਂ ਪਹਿਲਾਂ ਹੇਠਾਂ ਦਿੱਤੇ ਪਤੇ 'ਤੇ ਪਹੁੰਚ ਜਾਣਾ ਜ਼ਰੂਰੀ ਹੈ।

| | |
|---|---|
| **ਡ੍ਰੌਪ-ਆਫ/ਕੋਰੀਅਰ ਲਈ ਪਤਾ:**<br>Elections Calgary<br>Suite 101, Deerfoot Junction III (DJ3)<br>1212 31 Avenue NE, Calgary, AB | **ਡਾਕ ਦੁਆਰਾ ਭੇਜਣ ਲਈ ਪਤਾ:**<br>Elections Calgary #207A<br>P.O. Box 2100 Station M<br>Calgary, AB T2P 2M5 |

**ਨੋਟ:** ਜੇਕਰ ਤੁਹਾਨੂੰ ਆਪਣੇ ਮੇਲ-ਇਨ ਪੈਕੇਜ ਨੂੰ ਪੂਰਾ ਕਰਨ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਇਲੈਕਸ਼ਨਜ਼ ਕੈਲਗਰੀ ਨਾਲ (403) 476-4100 'ਤੇ ਸੰਪਰਕ ਕਰੋ ਜਾਂ mailinballots@calgary.ca 'ਤੇ ਈਮੇਲ ਕਰੋ।